नामांक Roll No.

| | | | | | | |
|---|---|---|---|---|---|---|
| | | | | | | |

No. of Questions - 10

**S–75–Punjabi (T.L.)**

No. of Printed Pages - 07

# माध्यमिक परीक्षा, 2016

# SECONDARY EXAMINATION, 2016

# पंजाबी

## PUNJABI

**(THIRD LANGUAGE)**

Time : $3\frac{1}{4}$ Hours

Maximum Marks : 80

**ਪ੍ਰੀਖਿਆਰਥੀਆਂ ਲਈ ਆਮ ਹਿਦਾਇਤਾਂ :**

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਮਾਨ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ।
5. ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ।



Downloaded from www.cclchapter.com

ਪ੍ਰਸ਼ਨ -1 ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ-ਪਿਆਲਾ ਪਰਮਾਤਮਾ ਦੇ ਨਾਮ ਦਾ ਹੀ ਪਿਆਲਾ ਸੀ। ਜਿੱਥੇ ਆਪ ਤੋਂ ਪਹਿਲਾਂ ਸਾਧੂ-ਸੰਤਾਂ ਵਿੱਚ ਆਪਣੇ ਪੈਰੋਕਾਰਾਂ ਨੂੰ ਚਰਨਾਮ੍ਰਿਤ ਪਿਆਉਣ ਦੀ ਪ੍ਰਥਾ ਪ੍ਰਚੱਲਤ ਸੀ, ਉੱਥੇ ਗੁਰੁ ਜੀ ਨੇ ਬਾਟੇ ਵਿੱਚ ਕੁੱਝ ਸ਼ੁੱਧ ਪਾਣੀ ਪਾ ਕੇ ਉਸ ਵਿੱਚ ਦੋ-ਧਾਰਾ ਖੰਡਾ ਫੇਰਿਆ ਅਤੇ ਨਾਲੋ-ਨਾਲ ਪੰਜ ਬਾਣੀਆਂ (ਜਪੁ ਜੀ, ਜਾਪੁ ਸਾਹਿਬ, ਅਨੰਦ ਸਾਹਿਬ, ਦਸ ਸਵੱਈਏ ਅਤੇ ਚੌਪਈ) ਦਾ ਪਾਠ ਕਰਦਿਆਂ ਇਸ ਸਧਾਰਨ ਪਾਣੀ ਨੂੰ ਅੰਮ੍ਰਿਤ ਰੂਪ ਵਿੱਚ ਰੁਪਾਂਤਰਿਤ ਕਰ ਦਿੱਤਾ। ਮਾਤਾ ਸਾਹਿਬ ਕੌਰ ਨੇ ਇਸ ਅੰਮ੍ਰਿਤ ਵਿੱਚ ਪਤਾਸ਼ੇ ਪਾ ਕੇ ਇਸ ਦੀ ਤਾਸੀਰ ਨੂੰ ਮਿੱਠਾ ਅਤੇ ਮਧੁਰ ਕਰ ਦਿੱਤਾ। ਸਭ ਤੋਂ ਪਹਿਲਾਂ ਇਹ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾਇਆ ਗਿਆ ਤੇ ਇਸ ਤੋਂ ਉਪਰੰਤ ਗੁਰੂ ਜੀ ਨੇ ਆਪ ਵੀ ਇਨ੍ਹਾਂ ਪੰਜਾਂ ਪਿਆਰਿਆਂ ਦੇ ਹੱਥੋਂ ਇਹੀ ਅੰਮ੍ਰਿਤ ਪਾਨ ਕੀਤਾ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ :- 5x2=10

ੳ. ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਿਆਰ ਕੀਤਾ ਗਿਆ ਅੰਮ੍ਰਿਤ-ਪਿਆਲਾ ਕਿਸ ਦੇ ਨਾਮ ਦਾ ਪਿਆਲਾ ਸੀ?

ਅ. ਅੰਮ੍ਰਿਤ-ਪਿਆਲਾ ਤਿਆਰ ਕਰਨ ਵੇਲੇ ਕਿੰਨੀਆਂ ਬਾਣੀਆਂ ਦਾ ਪਾਠ ਕੀਤਾ ਗਿਆ?

ੲ. ਇਸ ਅੰਮ੍ਰਿਤ ਵਿੱਚ ਪਤਾਸ਼ੇ ਕਿਸ ਨੇ ਪਾਏ ?

ਸ. ਸਭ ਤੋਂ ਪਹਿਲਾਂ ਇਹ ਅੰਮ੍ਰਿਤ ਕਿਸ ਨੂੰ ਛਕਾਇਆ ਗਿਆ?

ਹ. ਗੁਰੂ ਜੀ ਨੇ ਇਹ ਅੰਮ੍ਰਿਤ ਆਪ ਕਿਸ ਕੋਲੋਂ ਛਕਿਆ?



Downloaded from www.cclchapter.com

ਪ੍ਰਸ਼ਨ-2 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ:- 8

ੳ. ਸਿੱਖਾਂ ਦੇ ਪਹਿਲੇ ਗੁਰੂ

ਅ. ਵਿਸਾਖੀ ਦਾ ਮੇਲਾ

ੲ. ਮੇਰਾ ਮਨ ਭਾਉਂਦਾ ਲੇਖਕ

ਸ. ਦੀਵਾਲੀ ਦਾ ਤਿਉਹਾਰ

ਹ. ਕਿਸੇ ਤੀਰਥ ਅਸਥਾਨ ਦੀ ਯਾਤਰਾ

ਪ੍ਰਸ਼ਨ -3 ਤੁਸੀਂ ਨਵਰੀਤ ਕੌਰ ਹੋ, ਪਾਸ ਹੋਣ ਦੀ ਵਧਾਈ ਦਿੰਦਿਆਂ ਆਪਣੀ ਸਹੇਲੀ ਨੂੰ ਪੱਤਰ ਲਿਖੋ। 4

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਪ੍ਰਸ਼ਨ-4 ਹੇਠ ਲਿਖੇ ਪੈਰੇ ਨੂੰ ਸੰਖੇਪ ਕਰਦੇ ਹੋਏ, ਇਸਦਾ ਢੁਕਵਾਂ ਸਿਰਲੇਖ ਦਿਓ : 2+1=3

ਫੁਲਕਾਰੀ ਵਿੱਚ, ਰੰਗਾਂ ਦੀ ਚੋਣ ਦੇ ਢੁਕਾਅ ਵਿੱਚ ਸੁੱਘੜਤਾ ਤੋਂ ਕੰਮ ਲਿਆ ਜਾਂਦਾ ਹੈ। ਪੰਜਾਬਣਾਂ ਵਿੱਚ ਰੰਗਾਂ ਨੂੰ ਮੇਲਣ ਦੀ ਕਲਾਤਮਕ ਸੂਝ ਹੈ। ਫੁਲਕਾਰੀ ਵਿੱਚ ਧਾਗਾ ਵਧੀਆ ਰੇਸ਼ਮ ਦਾ ਅਤੇ ਕੱਪੜਾ ਖੱਦਰ ਦਾ ਵਰਤਿਆ ਜਾਂਦਾ ਹੈ। ਇਸ ਦੀ ਕਢਾਈ ਕੱਪੜੇ ਦੇ ਪੁੱਠੇ ਪਾਸਿਓਂ ਕੀਤੀ ਜਾਂਦੀ ਹੈ। ਫੁਲਕਾਰੀ ਦੀਆਂ ਕਲਾ-ਰੂੜੀਆਂ ਵੰਨ-ਸੁਵੰਨੀਆਂ ਹਨ। ਵੇਲ-ਬੂਟਿਆਂ, ਫੁੱਲਾਂ, ਪੰਛੀਆਂ ਤੋਂ ਬਿਨਾਂ ਜੀਵਨ ਦੇ ਦ੍ਰਿਸ਼ਾਂ ਨੂੰ ਫੁਲਕਾਰੀ ਵਿੱਚ ਸੁਰਜੀਤ ਕੀਤਾ ਜਾਂਦਾ ਹੈ। ਕਈ ਫੁਲਕਾਰੀਆਂ ਵਿੱਚ ਜੁਮੈਟਰੀ ਦੇ ਸਾਧਨ ਅਕਾਰ ਦੇ ਸੁਮੇਲ ਰਾਹੀਂ ਸੁਹਜ ਪੈਦਾ ਕੀਤਾ ਜਾਂਦਾ ਹੈ।



Downloaded from www.cclchapter.com

ਪ੍ਰਸ਼ਨ-5 (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ 'ਤੇ ਵਰਤੋਂ :-

ਅਗੇਤਰ = ਪੁਨਰ, ਪਰ, ਸਰ । (ਤਿੰਨ-ਤਿੰਨ ਸ਼ਬਦ) ½+½+½=1½

ਪਿਛੇਤਰ= ਏਰਾ, ਤਰ, ਦਾਰ । (ਤਿੰਨ-ਤਿੰਨ ਸ਼ਬਦ) ½+½+½=1½

(ਅ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- 1+1+1=3

1. ਸੋਨੇ-ਚਾਂਦੀ ਦਾ ਵਪਾਰ ਕਰਨ ਵਾਲਾ ।
2. ਦੂਜਿਆਂ ਦਾ ਉਪਕਾਰ ਕਰਨ ਵਾਲਾ ।
3. ਕਹਾਣੀ ਲਿਖਣ ਵਾਲਾ ।

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ :- (ਕੋਈ ਤਿੰਨ)

ਬੱਡਾ, ਮਸ਼ਹੂਰ, ਵਿਸਾਖੀ, ਗਯਾਨ, ਗਯਾ, ਵਰਾਸਤ । 1+1+1=3

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ :- 1+1+1=3

1. ਗੁਰਦੀਪ ਖੇਡਦਾ ਹੈ। (ਭਵਿੱਖ ਕਾਲ ਵਿੱਚ ਬਦਲੋ)
2. ਰਾਜਵੀਰ ਹੱਸ ਰਹੀ ਹੈ। (ਨਾਂਹ ਵਾਚਕ ਵਾਕ ਬਣਾਓ)
3. ਮੈਂ ਗਾ ਰਿਹਾ ਸੀ। (ਵਰਤਮਾਨ ਕਾਲ ਵਿੱਚ ਬਦਲੋ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋਂ :- (ਕੋਈ ਤਿੰਨ) 1+1+1=3

1. ਸ਼ਾਬਾਸ਼
2. ਕਵੀ ਕਿਸ ਗੱਲ ਦਾ ਆਸ਼ਕ ਹੈ।
3. ਮਾਂ ਬੋਲੀ ਜੇ ਭੁੱਲ ਜਾਓਗੇ ਕੱਖਾਂ ਵਾਂਗੂ ਰੁੱਲ ਜਾਓਗੇ।
4. ਕਵਿਤਾ ਨੂੰ ਜ਼ਬਾਨੀ ਯਾਦ ਕਰੋ।



Downloaded from www.cclchapter.com

ਪ੍ਰਸ਼ਨ–6 ਆਪਣੀ ਪਾਠ–ਪੁਸਤਕ ਦੇ ਇਸ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :- 6x1½=9

ਟਾਲਸਟਾਏ ਦਾ ਜਨਮ ਸੰਨ 1828 ਈਸਵੀ ਵਿੱਚ ਰੂਸ ਦੇ ਇੱਕ ਸ਼ਹਿਰ ਯਾਸਨਾਘਾ ਪੋਲੀਆਨਾ ਵਿੱਚ ਹੋਇਆ। ਟਾਲਸਟਾਏ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ। ਉਹਨੇ ਕਹਾਣੀਆਂ ਲਿਖੀਆਂ, ਨਾਵਲ ਲਿਖੇ, ਨਿਬੰਧ ਲਿਖੇ ਅਤੇ ਕੁੱਝ ਕਵਿਤਾਵਾਂ ਵੀ ਲਿਖੀਆਂ। ਉਹਨੇ ਆਪਣੀ ਜੀਵਨ–ਕਥਾ ਵੀ ਲਿਖੀ ਜਿਸ ਨਾਲ ਉਸ ਨੂੰ ਬਹੁਤ ਪ੍ਰਸਿੱਧੀ ਮਿਲੀ। ਉਸਦੀਆਂ ਸਾਰੀਆਂ ਕਿਰਤਾਂ ਪੰਜਾਹ ਦੇ ਕਰੀਬ ਹਨ। ਕੁਝ ਰਚਨਾਵਾਂ ਨੂੰ ਤਾਂ ਸੰਸਾਰ–ਭਰ ਵਿੱਚ ਪ੍ਰਸਿੱਧੀ ਮਿਲੀ। 'ਵਾਰ ਐਂਡ ਪੀਸ' ਅਤੇ 'ਅੰਨਾ ਕੇਰੇਨੀਨਾ' ਦੀ ਪ੍ਰਸਿੱਧੀ ਅੱਜ ਤੱਕ ਕਾਇਮ ਹੈ।

(ੳ) ਇਹ ਪੈਰ੍ਹਾ ਕਿਸ ਜੀਵਨੀ ਵਿੱਚੋਂ ਲਿਆ ਗਿਆ ਹੈ ?

(ਅ) ਇਸ ਪੈਰ੍ਹੇ ਦਾ ਲੇਖਕ ਕੌਣ ਹੈ ?

(ੲ) ਟਾਲਸਟਾਏ ਦਾ ਜਨਮ ਕਦੋਂ ਹੋਇਆ ?

(ਸ) ਟਾਲਸਟਾਏ ਨੇ ਕੀ ਕੁੱਝ ਲਿਖਿਆਂ ?

(ਹ) ਟਾਲਸਟਾਏ ਦੀਆਂ ਕਿੰਨਾਂ ਪੁਸਤਕਾਂ ਦੀ ਪ੍ਰਸਿੱਧੀ ਅੱਜ ਵੀ ਕਾਇਮ ਹੈ ?

(ਕ) ਟਾਲਸਟਾਏ ਦਾ ਜਨਮ ਕਿਸ ਦੇਸ਼ 'ਚ ਹੋਇਆ ?

ਪ੍ਰਸ਼ਨ – 7 ਕੋਈ ਪੰਜ ਪ੍ਰਸ਼ਨ ਕਰੋ :- 5x1=5

(ੳ) ਵਲੀ ਕੰਧਾਰੀ ਕੌਣ ਸੀ ?

(ਅ) 'ਕਸਤੂਰੀ ਵਾਲਾ ਮਿਰਗ' ਕਹਾਣੀ ਦਾ ਲੇਖਕ ਕੌਣ ਹੈ ?

(ੲ) ਬਿਮਲਾ ਕੌਣ ਹੈ/

(ਸ) 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ' ਜੀਵਨੀ ਕਿਸ ਲੇਖਕ ਦੀ ਹੈ?



Downloaded from www.cclchapter.com

(ਹ) 'ਪ੍ਰਾਰਥਨਾ' ਨਿਬੰਧ ਕਿਸ ਲੇਖਕ ਦੀ ਰਚਨਾ ਹੈ?

(ਕ) ਕਿਹੜਾ ਲੇਖਕ ਭੇਰੇ ਜਾਣ ਲਈ ਉਤਾਵਲਾ ਹੈ ?

(ਖ) 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕਦੋਂ ਹੋਈਂ ?

ਪ੍ਰਸ਼ਨ – 8 ਕੋਈ ਦੋ ਪ੍ਰਸ਼ਨ ਕਰੋ :- 2x3=6

(ੳ) ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਵਾਸਤੇ ਕੀ-ਕੀ ਕੀਤਾ ?

(ਅ) ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਕੀ ਫਰਿਆਦ ਲੈ ਕੇ ਗਏ ਅਤੇ ਕਿਉਂ ?

(ੲ) ਸਰਦਾਰ ਉੱਤਮ ਸਿੰਘ ਸੰਧੂ ਦਾ ਸੁਭਾਅ ਆਪਣੇ ਸ਼ਬਦਾਂ 'ਚ ਲਿਖੋ।

ਪ੍ਰਸ਼ਨ – 9 ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕੋਈ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋਂ :- 2x5=10

(ੳ) ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ ॥

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

ਮੋਹਿ ਰੈਣਿ ਨ ਵਿਹਾਵੈ ਨੀਂਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥

(ਅ) ਉਮਰ ਗਵਾਈ ਵਿਚ ਮਸੀਤੀ,

ਅੰਦਰ ਭਰਿਆ ਨਾਲ ਪਲੀਤੀ,

ਕਦੇ ਨਮਾਜ਼ ਵਹਦਤ ਨਾ ਕੀਤੀ,

ਹੁਣ ਕਿਉਂ ਡਰਨਾ ਏ ਪਾੜੋ ਪਾਰ,

ਇਸ਼ਕ ਦੀ ਨਵੀਓਂ ਨਵੀਂ ਬਹਾਰ ।



Downloaded from www.cclchapter.com

(ੲ) ਭੈਣ ਕਹਾਂ ਤਾਂ ਦੱਸਣਾ ਪੈਂਦੈ,

ਆਪਣੀ ਨੀਅਤ ਦਾ ਸਿਰਨਾਵਾਂ ।

ਸਭ ਜਗ ਹੋਇਆ ਮਰਦ ਜ਼ਨਾਨੀ,

ਬਾਕੀ ਸਭ ਛਾਂਵਾਂ ਪਰਛਾਵਾਂ ।

ਪ੍ਰਸ਼ਨ – 10 ਕੋਈ ਦੋ ਪ੍ਰਸ਼ਨ ਕਰੋਂ :- 2x5=10

(ੳ) ਸ਼ਿਵ ਕੁਮਾਰ ਦਾ ਰਚਨਾ 'ਪੂਰਨ' ਦਾ ਕੇਂਦਰੀ ਭਾਵ ਲਿਖੋ ।

(ਅ) 'ਅਨੰਦ ਦੀ ਪ੍ਰਾਪਤੀ' ਦਾ ਕੇਂਦਰੀ ਭਾਵ ਲਿਖੋ ।

(ਸ) ਸ਼ਾਹ ਹੁਸੈਨ ਅਨੁਸਾਰ ਮਨੁੱਖ ਨੂੰ ਕਿਸ ਤਰ੍ਹਾਂ ਦੀ ਸਿੱਖਿਆ ਉੱਤੇ ਅਮਲ ਕਰਨਾ ਚਾਹੀਦਾ ਹੈ ?

---------------------------



Downloaded from www.cclchapter.com

DO NOT WRITE ANYTHING HERE

Downloaded from www.cclchapter.com